# ਜਹ ਦੇਹੁਰਾ ਨ ਮਸੀਤਿ

ਬਿਲਾਵਲੁ ਗੋਂਡ ॥

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥

ਇਹ ਸ਼ਬਦ, ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ, ਜੋ ਬਿਲਾਵਲ ਗੋਂਡ, ਦੋ ਰਾਗਾਂ ਦੇ ਇਕ ਮਿਸ਼ਰਤ ਰਾਗ ਤਹਤ, ਪੰਨਾ ੮੭੪ ਤੇ ਸੁਭਾਇਮਾਨ ਹੈ।

ਭਗਤ ਨਾਮਦੇਵ ਜੀ ਦੇ ਇਸ ਸ਼ਬਦ ਦਾ ਵਿਸ਼ਾ, ਪੁਰੋਹਿਤ ਵਰਗ ਦੀ ਮੂਰਖਤਾ ਨੂੰ ਸਮਝਾਉਣ ਦਾ ਹੈ। ਵਕਤ ਦੇ ਦੋਨੋ ਧਰਮਾਂ, ਹਿੰਦੂ ਅਤੇ ਇਸਲਾਮ ਦੇ ਪੁਰੋਹਿਤ ਵਰਗਾਂ ਦੀ ਮੂਰਖਤਾ ਅਤੇ ਵਿਸ਼ਵਾਸ਼ਾਂ ਦੇ ਪਰਚਾਰ ਵਿਚ ਜ਼ਬਰਦਸਤ ਅ-ਤਰਕਸੰਗਕਤਾ ਦਾ ਪਾਜ ਉਘੇੜਿਆ ਹੈ। ਇਸ ਸ਼ਬਦ ਵਿਚ, ਭਗਤ ਨਾਮਦੇਵ ਜੀ ਦਾ ਵਿਸ਼ਾ, ਕਿਸੇ ਦੇਵੀ ਦੇਵਤਾ, ਮਹਾਪੁਰਖ ਦਾ ਖੰਡਨ ਕਰਨਾ ਨਹੀਂ ਸਗੋਂ ਉਨ੍ਹਾਂ ਬਾਰੇ, ਪੁਰੋਹਿਤ ਵਰਗ ਵਲੋਂ, ਸ਼ਰਧਾਹੀਣ ਸੰਕਲਪ ਸਿਰਜ ਕੇ ਕੀਤੇ ਜਾ ਰਹੇ ਮੂਰਖਤਾ ਪੂਰਣ ਪ੍ਰਚਾਰ ਨੂੰ ਠੱਲ ਪਾਉਣਾ ਹੈ। ਇਹ ਗਲ, ਭਗਤ ਜੀ ਇਸ ਸ਼ਬਦ ਦੀ, 'ਰਹਾਉ' ਦੀ ਪੰਕਤੀ ਵਿਚ ਹੀ ਸਪੱਸ਼ਟ ਕਰ ਰਹੇ ਹਨ। ਚੇਤੇ ਰਹੇ ਕਿ ਸ਼ਬਦ ਦਾ ਵਿਸ਼ਾ 'ਰਹਾਉ' ਦੀ ਪੰਕਤੀ ਵਿਚ ਕੇਂਦਰਿਤ ਹੁੰਦਾ ਹੈ। ਬਾਕੀ ਦੇ ਪਦੇ, ਉਸ ਵਿਸ਼ੇ ਦਾ ਵਿਸਤਾਰ ਹੁੰਦੇ ਹਨ ਅਤੇ ਉਸ ਦੁਆਲੇ ਹੀ ਘੁੰਮਦੇ ਹਨ। ਸੋ ਰਹਾਉ ਦੀ ਪੰਕਤੀ ਵਿਚ ਭਗਤ ਜੀ ਦੀ ਪ੍ਰਾਪਤ ਅਵੱਸਥਾ ਅਤੇ ਮੂਰਖ ਪਾਂਡੇ ਨੂੰ ਸਮਝਾਉਣ ਦੀ ਗਲ ਕੀਤੀ ਗਈ ਹੈ।

-- ਭਗਤ ਜੀ ਪੰਡਤ ਨੂੰ ਦਸ ਰਹੇ ਹਨ ਕਿ ਨਾਮਦੇਵ ਨੇ ਤਾਂ ਅਜ ਆਪਣੇ ਬੀਠਲ ਪ੍ਰਭੂ ਦੇ ਪ੍ਰਤਖ ਦਰਸ਼ਨ ਕੀਤੇ ਹਨ, ਪਰ ਤੈਨੂੰ ਮੂਰਖ ਨੂੰ ਸਮਝਾ ਰਿਹਾ ਹਾਂ ਕਿ ਤੇਰੇ ਰੰਗ ਢੰਗ ਸਹੀ ਨਹੀਂ, ਜਿਸ ਕਰ ਕੇ, ਤੈਨੂੰ ਕਦੇ ਵੀ ਉਸ ਦੇ ਦਰਸ਼ਨ ਨਹੀਂ ਹੋ ਸਕਦੇ।ਰਹਾਉ।

ਅਗਲੇ ਪਦਿਆਂ ਵਿਚ, ਭਗਤ ਜੀ ਦਸ ਰਹੇ ਹਨ ਕਿ ਪੰਡਤ ਦੀ ਪਹਿਲੀ ਅਤੇ ਸਭ ਤੋਂ ਵਡੀ ਮੂਰਖਤਾ ਤਾਂ ਇਹ ਕਿ ਪੰਡਤ ਦੇ ਇਸ਼ਟ ਹੀ ਅਨੇਕ ਹਨ। ਦੂਜੀ ਮੂਰਖਤਾ ਇਹ ਹੈ ਕਿ ਉਨ੍ਹਾਂ ਦੀ ਪੂਜਾ ਲਈ, ਉਨ੍ਹਾਂ ਦੇ ਬੁਤ ਘੜ ਲਏ ਹਨ। ਹੋਰ

ਮਾੜੀ ਗਲ ਇਹ ਕਿ ਪੰਡਤ ਨੇ ਆਪਣੇ ਹਰ ਇਸ਼ਟਾਂ ਪ੍ਰਤੀ ਬੇਵਕੂਫ਼ਾਨਾ ਪ੍ਰਚਾਰ ਕੀਤਾ ਹੋਇਆ ਹੈ ਜਿਸ ਨਾਲ ਉਨ੍ਹਾਂ ਇਸ਼ਟਾਂ ਪ੍ਰਤੀ ਲੋਕਾਂ ਵਿਚ ਸ਼ਰਧਾ ਪੈਦਾ ਹੀ ਨਹੀਂ ਹੋ ਸਕਦੀ, ਸਗੋਂ ਉਨ੍ਹਾਂ ਦੀ ਬੇਅਦਬੀ ਹੁੰਦੀ ਹੈ।

ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥

ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥

-- ਭਗਤ ਜੀ ਪੰਡਤ ਨੂੰ ਸੰਬੋਧਨ ਕਰਦਿਆਂ ਫ਼ੁਰਮਾਣ ਕਰ ਰਹੇ ਹਨ ਕਿ ਹੇ ਪਾਂਡੇ ! ਤੇਰੇ ਘੜੇ ਹੋਏ ਸੰਕਲਪ ਦੀ ਗਾਇਤ੍ਰੀ, ਗਊ ਰੂਪ ਵਿਚ, ਇਕ ਜ਼ਿਮੀਦਾਰ ਦਾ ਖੇਤ ਖਾ ਰਹੀ ਸੀ, ਜਿਸਨੇ ਆ ਕੇ, ਡਾਂਗ ਮਾਰੀ। ਜਿਸ ਨਾਲ ਉਸਦੀ ਲੱਤ ਟੁਟ ਗਈ ਅਤੇ ਉਹ ਲੰਗੜਾਂਦੀ ਲੰਗੜਾਂਦੀ ਤੁਰਣ ਲਗੀ।੧।

ਅਸਲ ਵਿਚ ਤਾਂ ਗਾਇਤ੍ਰੀ, ਇਕ ਪਵਿੱਤਰ ਮੰਤਰ ਮੰਨਿਆਂ ਜਾਂਦਾ ਹੈ। ਉਸ ਲਈ ਇਹ ਸ਼ਰਧਾ ਹੀਣ ਕਹਾਣੀ ਘੜਣ ਦੀ ਕੀ ਲੋੜ ਸੀ ਕਿ ਉਸ ਨੂੰ ਸਰਾਪ ਮਿਲਿਆ ਸੀ ਤੇ ਉਸ ਦਾ ਮਾਤ ਲੋਕ ਵਿਚ ਇਕ ਸੁੰਦਰ ਕੰਨਿਆਂ ਦੇ ਰੂਪ ਵਿਚ ਜਨਮ ਹੋ ਗਿਆ। ਆਪਣੀ ਪਤ ਬਚਾਉਣ ਲਈ, ਉਸ ਨੇ ਗਊ ਦਾ ਰੂਪ ਬਣਾ ਲਿਆ ਤੇ ਜ਼ਿਮੀਦਾਰ ਦੀ ਪੈਲੀ ਵਿਚ ਚਰਣ ਲਈ ਜਾ ਵੜੀ ਅਤੇ ਡਾਂਗ ਖਾ ਕੇ ਲੱਤ ਤੁੜਵਾ ਲਈ।

ਗਾਇਤ੍ਰੀ ਮੰਤਰ ਦੇ ਨਾਲ ਇਹ ਕਹਾਣੀ ਬਣਾ ਕੇ, ਸਗੋਂ ਗਾਇਤ੍ਰੀ ਮੰਤਰ ਦੀ ਪਵਿਤ੍ਰਤਾ ਨੂੰ ਦਾਗ਼ ਲਗਵਾ ਲਿਆ। ਇਹ ਪੰਡਤ ਦੀ ਮੂਰਖਤਾ ਹੈ।

ਨੋਟ ਕਰਣ ਵਾਲੀ ਗਲ ਹੈ ਕਿ ਭਗਤ ਜੀ ਦਾ ਹਮਲਾ, ਮੰਤਰ ਤੇ ਨਹੀਂ, ਬਲਕਿ ਪੰਡਤ ਦੀ ਅਗਿਆਨਤਾ ਭਰੀ ਮੂਰਖਤਾ ਤੇ ਹੈ। ਭਾਵੇਂ ਭਗਤ ਨਾਮਦੇਵ ਜੀ ਗਾਇਤ੍ਰੀ ਮੰਤਰ ਦੇ ਅਰਾਧੀ ਨਹੀਂ ਪਰ ਉਨ੍ਹਾਂ ਦਾ ਇਰਾਦਾ ਸਪਸ਼ਟ ਹੈ ਕਿ ਉਹ ਪੰਡਤ ਦੀ ਸੋਚ ਤੇ ਹਮਲਾ ਕਰ ਰਹੇ ਹਨ। ਮੰਤਰ ਤਾਂ ਹੋਰ ਵੀ ਬੜੇ ਹਨ, ਭਗਤ ਨਾਮਦੇਵ ਜੀ ਨੇ ਕਿਸੇ ਵੀ ਮੰਤਰ ਦੀ ਸਾਰਥਕਤਾ ਤੇ ਸੁਆਲੀਆ ਨਿਸ਼ਾਨ ਨਹੀਂ ਲਗਾਇਆ।

ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥

ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥

-- ਹੇ ਪੰਡਤ ! ਮੈਂ ਤੇਰੀ ਸੋਚ ਦਾ ਮਹਾਂਦੇਵ ਤੇਰੇ ਕਹੇ ਮੁਤਾਬਕ, ਚਿਟੇ ਬਲਦ ਤੇ ਚੜ੍ਹਿਆ ਆਉਂਦਾ ਵੇਖਿਆ ਹੈ। ਪੰਡਤ, ਉਸਨੂੰ ਆਪਣਾ ਇਸ਼ਟ ਮੰਨਦਾ ਹੈ ਅਤੇ ਇਹ ਵੀ ਦਸਦਾ ਹੈ ਕਿ ਇਕ ਵਾਰ ਕਿਸੇ ਜ਼ਿਮੀਦਾਰ ਨੇ ਮਹਾਂਦੇਵ ਨੂੰ ਖਾਣੇ ਤੇ ਸਦਿਆ। ਜਦੋਂ ਜ਼ਿਮੀਦਾਰ ਦਾ ਪੁਤਰ ਭੋਜਨ ਪਰੋਸ ਰਿਹਾ ਸੀ ਤਾਂ ਉਸਦਾ ਪੁਤਰ ਇਹ ਕਹਿ ਕੇ ਮਾਰ ਦਿਤਾ ਕਿ ਮੇਰੇ ਬਲਦ ਨੇ ਇਸ ਦਾ ਮਾਸ ਖਾਣਾ ਹੈ।

ਪੰਡਤ ਨੇ ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਦਸੀ ਹੋਈ ਹੈ ਕਿ ਮਹਾਂਦੇਵ ਨੇ ਪਾਰਬਤੀ ਦਾ, ਪਾਰਬਤੀ ਦੇ ਆਪਣੇ ਤੋਂ ਹੀ ਜੰਮਿਆਂ ਮੁੰਡਾ ਮਾਰ ਦਿਤਾ ਅਤੇ ਮੁੜ ਪਾਰਬਤੀ ਦੇ ਹਠ ਕਾਰਣ, ਉਸ ਤੇ ਕਿਸੇ ਹਾਥੀ ਦੇ ਬਚੇ ਦਾ ਸਿਰ ਲਗਾ ਦਿਤਾ। ਭਲਾ ! ਪੰਡਤ ਦੇ ਇਹੋ ਜਿਹੇ ਦਸੇ, ਖ਼ਤਰਨਾਕ ਮਹਾਂਦੇਵ ਨੂੰ ਕੋਈ ਇਸ਼ਟ ਮੰਨ ਸਕਦਾ ਹੈ !!

ਭਾਵੇਂ, ਭਗਤ ਨਾਮਦੇਵ ਜੀ, ਮਹਾਂਦੇਵ ਦੀ ਅਰਾਧਨਾ ਨੂੰ ਰਦਦੇ ਹਨ ਪਰ ਇਥੇ ਭਗਤ ਜੀ ਦਾ, ਮਹਾਂਦੇਵ ਤੇ ਨਹੀਂ, ਸਗੋਂ ਪੰਡਤ ਦੀ ਸੋਚ ਤੇ ਹਮਲਾ ਹੈ। ਭਗਤ ਜੀ ਦੀ ਸ਼ਬਦਾਵਲੀ ਸਾਫ਼ ਹੈ - '**ਪਾਂਡੇ ਤੁਮਰੀ ਗਾਇਤ੍ਰੀ**' ਅਤੇ '**ਪਾਂਡੇ ਤੁਮਰਾ ਮਹਾਦੇਉ**'।

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥

ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥

-- ਇਸੇ ਤਰਜ਼ ਤੇ ਭਗਤ ਜੀ, ਫ਼ਿਰ ਪਾਂਡੇ ਨੂੰ ਸੰਬੋਧਨ ਕਰ ਰਹੇ ਹਨ ਕਿ ਮੈਂ ਤੇਰੇ ਰਾਮ ਚੰਦਰ ਦੇ ਸੰਕਲਪ ਨੂੰ ਸਵੀਕਾਰ ਨਹੀਂ ਕਰਦਾ। ਮੈਂ ਵੇਖਿਆ ਹੈ ਘੋਖਿਆ ਹੈ, ਤੇਰੀ ਸੋਚ ਦੇ ਰਾਮ ਚੰਦਰ ਨੂੰ।

-- ਪੰਡਤ ! ਤੂੰ ਆਪਣੇ ਰਾਮ ਚੰਦ ਬਾਰੇ ਇਤਨਾ ਹੀ ਜਾਣਦਾ ਹੈਂ ਕਿ

ਉਸ ਨੇ ਆਪਣੀ ਘਰ ਵਾਲੀ ਗੁਆ ਲਈ, ਉਸ ਨੂੰ ਲਭਦਾ ਫਿਰਿਆ, ਜਿਸ ਕਰਕੇ ਰਾਵਣ ਨਾਲ ਉਸਦਾ ਜੁਧ ਹੋਇਆ।

ਪਹਿਲੇ ਦੋ ਪਦਿਆਂ ਦੀ ਤਰ੍ਹਾਂ, ਇਥੇ ਵੀ ਪੰਡਤ ਦੀ ਸੋਚ ਦੇ ਰਾਮ ਚੰਦ ਨੂੰ, ਇਸ਼ਟ ਮੰਨਣ ਜੋਗ ਸਵੀਕਾਰ ਨਹੀਂ ਕਰਦੇ। ਇਥੇ ਵੀ ਹਮਲਾ ਪਾਂਡੇ ਦੀ ਸੋਚ ਤੇ ਹੀ ਹੈ। ਉਨ੍ਹਾਂ ਦੇ ਕਹਿਣ ਦਾ ਭਾਵ ਹੈ ਕਿ ਪੰਡਤ, ਸ੍ਰੀ ਰਾਮ ਚੰਦਰ ਜੀ ਦੀ ਅਸਲ ਵਡਿਆਈ ਨੂੰ ਤਾਂ ਜਾਣਦਾ ਨਹੀਂ, ਸਿਰਫ਼ ਘਰ ਵਾਲੀ ਗਵਾਉਣ ਅਤੇ ਰਾਵਣ ਨਾਲ ਜੰਗ ਹੋਣ ਤੋਂ ਇਲਾਵਾ, ਪਾਂਡਾ, ਸ੍ਰੀ ਰਾਮ ਚੰਦਰ ਜੀ ਦੀ ਹੋਰ ਕੋਈ ਵਡਿਆਈ ਜਾਣਦਾ ਹੀ ਨਹੀਂ।

ਗੁਰਬਾਣੀ ਵਿਚ ਵੀ, ਸ੍ਰੀ ਰਾਮ ਚੰਦਰ ਜੀ ਦੀ ਰਾਵਣ ਮਾਰਣ ਵਿਚ, ਕੋਈ ਵਡਿਆਈ ਨਹੀਂ ਮੰਨੀ ਗਈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪ ਇਹ ਸਚਿਆਈ ਅੰਕਤ ਕੀਤੀ ਹੈ ਕਿ ਰਾਵਣ ਨੇ ਤਾਂ ਆਪਣੀ ਮੂਰਖਤਾ ਅਤੇ ਅਧਰਮ ਕਰਕੇ, ਆਪਣਾ ਸਿਰ ਕਟਵਾ ਲਿਆ। ਉਸ ਨੂੰ ਮਾਰਣ ਵਿਚ, ਸ੍ਰੀ ਰਾਮ ਚੰਦਰ ਜੀ ਦੀ ਕੋਈ ਵਡਿਆਈ ਨਹੀਂ। ਉਨ੍ਹਾਂ ਦੀ ਵਡਿਆਈ ਤਾਂ ਇਸ ਗਲ ਵਿਚ ਹੈ ਕਿ **ਗੁਰ-ਜੋਤਿ** ਹੋਣ ਕਰਕੇ ਉਹ, ਪਉਣ ਅਤੇ ਧਰਤੀ ਆਦਿ ਦੇ ਕਰਤਾ ਰੂਪ ਹਨ, ਜਿਸਨੇ ਪਾਣੀ ਅਤੇ ਅਗਨੀ ਵਰਗੇ ਵਿਰੋਧੀ ਤਤਾਂ ਦਾ ਮੇਲ ਕਰ ਕੇ ਸਭ ਕੁਝ ਸਾਜ ਦਿਤਾ। ਪੰਡਤ, ਇਸ ਵਡਿਆਈ ਤੋਂ ਅਣਜਾਣ ਹੈ - 'ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ।। ਅੰਧੁਲੈ ਦਹਸਿਰਿ ਮੂੰਡ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ।।', ਪੰਨਾ ੩੫੦. ਪਾਤਸ਼ਾਹ ਜੀ ਨੇ, 'ਸਿਧ ਗੋਸਟਿ' ਵਿਚ ਸ੍ਰੀ ਰਾਮ ਚੰਦਰ ਜੀ ਨੂੰ ਕਈ ਵੇਰ ਗੁਰਮੁਖਿ ਦਸਿਆ ਹੈ, ਜਿਸ ਨੇ ਸਮੁੰਦਰ ਤੇ ਵੀ ਪੁਲ ਬੰਨ੍ਹ ਦਿਤਾ, ਪਥਰ ਵੀ ਪਾਣੀ ਵਿਚ ਤਾਰ ਦਿਤੇ ਅਤੇ ਤੇਤੀ ਕਰੋੜਾਂ ਦਾ ਉਧਾਰ ਕੀਤਾ, ਜੋ ਅਸਲ ਵਡਿਆਈ ਹੈ - 'ਗੁਰਮੁਖਿ ਬਾਂਧਿਓ ਸੇਤੁ ਬਿਧਾਤੈ।। ਲੰਕਾ ਲੂਟੀ ਦੈਤ ਸੰਤਾਪੈ।।..ਗੁਰਮੁਖਿ ਸਾਇਰਿ ਪਾਹਣ ਤਾਰੇ।। ਗੁਰਮੁਖਿ ਕੋਟਿ ਤੇਤੀਸ ਉਧਾਰੇ।।'

ਇਥੇ ਦਾ ਕੇਸ ਪਹਿਲੇ ਦੋ ਬੰਦਾਂ ਤੋਂ ਵਖ ਹੈ। ਕਿਉਂਕਿ ਉਨ੍ਹਾਂ ਨੇ ਨਿਜੀ ਤੌਰ ਤੇ ਵੀ, ਆਪਣੀ ਰਚਨਾ ਵਿਚ, ਸ੍ਰੀ ਰਾਮ ਚੰਦਰ ਜੀ ਦੀ ਉਸਤਤਿ ਕੀਤੀ ਹੋਈ ਹੈ ਅਤੇ ਉਨ੍ਹਾਂ ਨੂੰ ਆਪਣਾ ਸੁਆਮੀ ਵੀ ਕਿਹਾ ਹੈ। ਪ੍ਰਭੂ ਲਈ 'ਬੇਢੀ' ਸ਼ਬਦ ਵਰਤਦੇ

ਹਨ। ਭਗਤ ਜੀ ਦਾ ਫੁਰਮਾਣ ਹੈ ਕਿ ਹੇ ਬਾਈ ! ਬੇਢੀ ਦੇ ਗੁਣ ਸੁਣ। ਉਸ ਨੇ ਸਮੁੰਦਰ ਤੇ ਵੀ ਪੁਲ ਬੰਨ੍ਹਿਆਂ ਅਤੇ ਭਗਤ ਧ੍ਰੂਅ ਨੂੰ ਵੀ ਉਸੇ ਨੇ ਅਟਲ ਪਦਵੀ ਬਖ਼ਸ਼ੀ। ਉਸੇ ਬੇਢੀ ਨੇ ਸੀਤਾ ਲੈ ਆਂਦੀ ਅਤੇ ਲੰਕਾ ਦਾ ਰਾਜ, ਆਪਣੇ ਬਣਾ ਲਏ ਹੋਏ, ਭਭੀਖਣ ਨੂੰ ਦੇ ਦਿਤਾ - 'ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ।। ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ।।', ਪੰਨਾ ੬੫੭. ਚੇਤੇ ਰਹੇ ਕਿ ਧ੍ਰੂਅ ਭਗਤ ਦਾ ਸਮਾਂ ਬਹੁਤ ਪਹਿਲਾਂ ਦਾ ਹੈ। ਇਹ ਦ੍ਰਿਸ਼ਟਾਂਤ **ਗੁਰ-ਜੋਤਿ** ਦੀ ਨਿਰੰਤਰਤਾ ਸਾਬਤ ਕਰਦਾ ਹੈ।

ਇਸੇ ਤਰ੍ਹਾਂ ਗੌਤਮ ਰਿਖੀ ਦੀ ਸਰਾਪਤ ਇਸਤਰੀ, ਅਹਿਲਿਆ ਦਾ ਵੀ, ਸ੍ਰੀ ਰਾਮ ਚੰਦਰ ਜੀ ਰਾਹੀਂ ਉਧਾਰ ਹੋਣ ਦੀ ਹਾਮੀ ਭਰਦੇ ਹਨ ਅਤੇ ਉਸੇ **ਗੁਰ-ਜੋਤਿ** ਦੇ ਅਗਲੇ ਸਰੂਪ ਰਾਹੀਂ, ਦ੍ਰੋਪਦੀ ਦੀ ਪਤ ਰਖਣ ਦੀ ਅਤੇ **ਹੋਰ ਅਨੇਕਾਂ ਨੂੰ** ਪਵਿੱਤਰ ਕਰਣ ਅਤੇ ਉਨ੍ਹਾਂ ਦੇ ਉਧਾਰ ਕਰਣ ਦੀ ਵੀ ਗਵਾਹੀ ਵੀ ਇਕੱਠੀ ਹੀ ਭਰੀ ਹੈ - 'ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।। ਗੋਤਮ ਨਾਰਿ ਅਹਲਿਆ ਤਾਰੀ ਪਾਵਨ **ਕੇਤਕ ਤਾਰੀਅਲੇ**।।', ਪੰਨਾ ੯੮੮. ਇਸ ਪੰਨੇ ਦੇ ਇਸ ਸਮੁਚੇ ਸ਼ਬਦ ਵਿਚ **ਗੁਰ-ਜੋਤਿ** ਦਾ, ਜੁਗਾਂ ਜੁਗਾਂ ਵਿਚ ਉਧਾਰ ਕਰਦੇ ਰਹਿਣ ਬਾਰੇ ਅੰਕਤ ਕੀਤਾ ਹੈ। ਭਗਤ ਜੀ ਨੇ ਆਪਣੀ ਹੋਰ ਬਾਣੀ ਵਿਚ, ਹੋਰ ਵੀ ਅਨੇਕਾਂ ਵੇਰ, **ਗੁਰ-ਜੋਤਿ** ਦੇ ਵਖ ਵਖ ਸਰੂਪਾਂ ਦੇ ਉਧਾਰ ਕਾਰਜਾਂ ਦੀ ਉਸਤਤਿ ਗਾਈ ਹੈ।

ਇਸ ਤੋਂ ਸਿਧ ਹੋ ਰਿਹਾ ਹੈ ਕਿ ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਦਾ ਮਨੋਰਥ, ਪੰਡਤ, ਪੁਰੋਹਿਤ ਵਰਗ ਦੀਆਂ ਮੂਰਖਤਾਵਾਂ ਅਤੇ ਅਗਿਆਨਤਾ ਦਾ ਪਾਜ ਉਘੇੜ ਕੇ ਉਸਨੂੰ ਸਮਝਾਉਣਾ ਅਤੇ ਅਕਲ ਦੇਣਾ ਹੈ ਜੋ ਉਨ੍ਹਾਂ ਨੇ ਆਪਣੀ 'ਰਹਾਉ' ਦੀ ਪੰਕਤੀ ਵਿਚ ਪਹਿਲਾਂ ਹੀ ਜ਼ਾਹਰ ਕਰ ਦਿਤਾ ਹੈ।

ਅਜ ਦੇ ਪ੍ਰਚਾਰਕਾਂ ਵਲੋਂ ਭਗਤ ਜੀ ਦੇ ਇਸ ਸ਼ਬਦ ਦਾ ਸਹਾਰਾ ਲੈ ਕੇ ਸ੍ਰੀ ਰਾਮ ਚੰਦਰ ਜੀ ਨੂੰ ਛੁਟਿਆਉਣ ਦੀ ਕੋਸ਼ਿਸ਼ ਨਿਰਮੂਲ ਅਤੇ ਥੋਥੀ ਹੈ। ਇਸੇ ਤਰ੍ਹਾਂ ਕੁਝ ਕੁ ਹੋਰ ਪੰਕਤੀਆਂ ਨੂੰ ਸੰਦਰਭ ਤੋਂ ਬਾਹਰ ਅਰਥ ਦੇ ਕੇ, ਕੁਝ ਮਹਾਪੁਰਖਾਂ ਨੂੰ, ਗ਼ੈਰ ਮਤੀਏ ਠਹਿਰਾ ਕੇ, ਉਨ੍ਹਾਂ ਦੀ ਨਿੰਦਾ ਦਾ ਪ੍ਰਚਲਨ ਜ਼ੋਰਾਂ ਤੇ ਹੈ। ਨਿੰਦਾ ਤਾਂ ਕਿਸੇ ਦੀ ਨਹੀਂ ਕਰਨੀ ਬਣਦੀ, ਪਰ ਵਿਸ਼ੇਸ਼ ਕਰ ਕੇ ਕਿਸੇ ਮਹਾਂਪੁਰਖ ਦੀ ਨਿੰਦਾ ਤਾਂ ਘੋਰ ਅਪਰਾਧ ਹੈ, ਭਾਵੇਂ ਅਸੀਂ ਉਸ ਦੇ ਅਰਾਧੀ ਨਾ ਵੀ ਹੋਈਏ। ਹਰ ਮਹਾਪੁਰਖ ਦੇ ਅਰਾਧੀ ਤਾਂ ਹੋਇਆ ਵੀ ਨਹੀਂ ਜਾ ਸਕਦਾ। ਪਰ ਇਸ ਦਾ

ਅਰਥ ਇਹ ਨਹੀਂ ਕਿ ਉਨ੍ਹਾਂ ਦੀ ਵਡਿਆਈ ਨੂੰ ਬੇਅਦਬ ਕੀਤਾ ਜਾਏ।

ਹਿੰਦੂ ਅੰਨ੍ਹਾ ਤੁਰਕੂ ਕਾਣਾ ॥

ਦੁਹਾਂ ਤੇ ਗਿਆਨੀ ਸਿਆਣਾ ॥

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥

ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥

-- ਭਗਤ ਨਾਮਦੇਵ ਜੀ ਨੇ ਤਾਂ ਇਥੇ ਆਪਣਾ ਪਿਟਾਰਾ ਹੀ ਖੋਹਲ ਦਿਤਾ ਅਤੇ ਕਿਸੇ ਦੀ ਵਡਿਆਈ ਨਾ ਸਮਝ ਕੇ, ਨਿਰਮੂਲ ਅਤੇ ਥੋਥੀਆਂ ਗਲਾਂ ਦਾ ਪ੍ਰਚਾਰ ਕਰਣ ਕਰ ਕੇ, ਹਿੰਦੂ ਨੂੰ ਅੰਨ੍ਹਾਂ ਕਹਿ ਦਿਤਾ। ਹਿੰਦੂ ਨੇ ਪਹਿਲੀ ਅਖ ਉਦੋਂ ਗੁਆਈ, ਜਦੋਂ ਆਪਣੇ ਅਨੇਕਾਂ ਇਸ਼ਟ ਬਣਾ ਲਏ ਅਤੇ ਇਸ਼ਟ ਪ੍ਰਤੀ ਸ਼ਰਧਾ ਦੀ ਦਿਸ਼ਾ ਨਾ ਰਖੀ ਤੇ ਉਸਦੀ ਮੂਰਤੀ ਬਣਾ ਕੇ ਸ਼ਰਧਾਹੀਣ ਕਹਾਣੀਆਂ ਘੜੀਆਂ। ਦੂਜੀ ਅਖ ਤਾਂ ਗਈ ਜਦੋਂ ਇਸ਼ਟ ਨੂੰ ਸਿਰਫ਼ ਮੰਦਰ ਵਿਚ ਹੀ ਬੈਠਾ ਜਾਣ ਕੇ ਪੂਜਾ ਕੀਤੀ। ਇਸ ਕਰ ਕੇ ਉਸ ਨੂੰ ਅਧਿਆਤਮਕ ਤੌਰ ਤੇ ਅੰਨ੍ਹਾਂ ਕਿਹਾ।

ਦੂਜੇ ਪਾਸੇ ਮੁਸਲਮਾਣ ਪੁਰੋਹਿਤ ਵਰਗ ਨੇ ਆਪਣੀ ਇਕ ਅਖ ਕਾਇਮ ਰਖੀ ਕਿਉਂਕਿ ਉਸਨੇ ਇਕ ਅੱਲ੍ਹਾ, ਇਸ਼ਟ ਤੇ ਭਰੋਸਾ ਰਖਿਆ। ਅਲ੍ਹਾ ਨੂੰ ਇਕ ਮਸੀਤ ਵਿਚ ਬੈਠਾ ਜਾਣਨ ਕਰ ਕੇ ਉਸਦੀ ਇਕ ਅਖ ਜਾਂਦੀ ਰਹੀ। ਜਿਸ ਕਰ ਕੇ ਉਸ ਨੂੰ ਅਧਿਆਤਮਕ ਤੌਰ ਤੇ ਕਾਣਾ ਕਿਹਾ। ਚੇਤੇ ਰਹੇ ਕਿ ਭਗਤ ਜੀ ਕੋਲ ਅੰਨ੍ਹਾਂ ਜਾਂ ਕਾਣਾ ਕਹਿਣ ਲਈ ਅਧਿਕਾਰ authority ਹੈ, ਸਾਡੇ ਕੋਲ ਨਹੀਂ। ਉਨ੍ਹਾਂ ਦੀ ਰੀਸ ਨਾਲ ਆਮ ਵਿਅਕਤੀ ਨੂੰ, ਕਿਸੇ ਨੂੰ ਅੰਨ੍ਹਾਂ ਜਾਂ ਕਾਣਾ ਕਹਿਣ ਦਾ ਕੋਈ ਅਧਿਕਾਰ authority ਨਹੀਂ।

-- ਭਗਤ ਨਾਮਦੇਵ ਜੀ ਫ਼ੁਰਮਾਣ ਕਰਦੇ ਹਨ ਕਿ ਹਿੰਦੂ ਤਾਂ ਆਪਣੇ ਇਸ਼ਟਾਂ ਨੂੰ ਮੰਦਰ ਵਿਚ ਹੀ ਪੂਜਦਾ ਹੈ ਅਤੇ ਮੁਸਲਮਾਣ ਆਪਣੇ ਇਸ਼ਟ ਨੂੰ ਮਸੀਤ ਵਿਚ ਹੀ ਬੈਠਾ ਜਾਣ ਕੇ ਉਥੇ ਪੂਜੀ ਜਾਂਦਾ ਹੈ,

ਪਰ ਭਗਤ ਨਾਮਦੇਵ ਜੀ ਤਾਂ ਉਸ ਪ੍ਰਭੂ ਨੂੰ, ਆਪਣੇ ਇਸ਼ਟ ਨੂੰ ਹਰ ਪਾਸੇ ਵੇਖਦੇ

ਹਨ, ਭਾਵ, ਹਿਰਦੇ ਵਿਚ ਹੀ, ਉਸ ਦਾ ਸਿਮਰਣ ਕੀਤਾ ਹੈ, ਅਰਾਧਨਾ ਕੀਤੀ ਹੈ, ਜੋ ਨਾ ਉਹ ਉਸ ਨੂੰ ਮੰਦਰ ਵਿਚ ਬੈਠਾ ਹੈ ਨਾਂ ਮਸੀਤ ਵਿਚ।੪।੩।੭।

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੨੩੭ ਤੇ, ਬੜੇ ਸੁੰਦਰ ਤਰੀਕੇ ਨਾਲ ਦੇਹੁਰੇ, ਤੀਰਥ ਅਤੇ ਹੋਰ ਬਾਹਮਣੀ/ਪੁਰੋਹਿਤ ਢੰਗਾਂ ਆਦਿ ਨਾਲ ਕੀਤੀ ਜਾਂਦੀ ਪੂਜਾ ਨੂੰ ਵਿਅਰਥ ਅਤੇ ਬਿਨਸਣਹਾਰ ਦਸ ਕੇ ਸਾਧੂ ਦੀ ਸੰਗਤਿ ਅਤੇ ਨਾਮ ਸਿਮਰਣ ਦਾ ਉਪਦੇਸ਼ ਕੀਤਾ ਹੈ, ਜਿਸ ਨੇ ਸਦਾ ਹੀ ਨਾਲ ਨਿਭਣਾ ਹੈ - 'ਤੀਰਥ ਦੇਵ ਦੇਹੁਰਾ ਪੋਥੀ।। ਮਾਲਾ ਤਿਲਕੁ ਸੋਚ ਪਾਕ ਹੋਤੀ।। ਧੋਤੀ ਡੰਡਉਤਿ ਪਰਸਾਦਨ ਭੋਗਾ।। ਗਵਨੁ ਕਰੈਗੋ ਸਗਲੋ ਲੋਗਾ।।.. ਸਗਲ ਪਾਸਾਰੁ ਦੀਸੈ ਪਾਸਾਰਾ।। ਬਿਨਸਿ ਜਾਇਗੋ ਸਗਲ ਆਕਾਰਾ।।..ਤਹਾ ਸੰਗਤਿ ਸਾਧ ਗੁਣ ਰਸੈ।। ਅਨਭਉ ਨਗਰੁ ਤਹਾ ਸਦ ਵਸੈ।।'



21.9.2020